NZ ਤਸਵੀਰ NEWS

ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

09 390 4644

The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




16 January 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਸ਼ਾਕਾਹਾਰੀ ਹੋਣ ਦੇ ਮਾਮਲੇ 'ਚ ਨਿਊਜੀਲੈਂਡ ਤੀਜੇ ਸਥਾਨ 'ਤੇ



| ਚੋਟੀ ਦੇ 10 ਸ਼ਾਕਾਹਾਰੀ ਦੇਸ਼ | ਚੋਟੀ ਦੇ 10 ਸ਼ਾਕਾਹਾਰੀ ਸ਼ਹਿਰ |
|---|---|
| 1. ਆਸਟ੍ਰੇਲੀਆ | 1. ਬ੍ਰਿਸਟਲ, ਯੂਕੇ |
| 2. ਯੂਨਾਈਟਿਡ ਕਿੰਗਡਮ | 2. ਪੋਰਟਲੈਂਡ, ਯੂਐਸ |
| 3. ਨਿਊਜ਼ੀਲੈਂਡ | 3. ਏਡਿਨਬਰਗ, ਯੂਕੇ |
| 4. ਸਵੀਡਨ | 4. ਵੈਨਕੂਵਰ, ਸੀਏ |
| 5. ਕੈਨੇਡਾ | 5. ਸੀਏਟਲ, ਯੂ |
| 6. ਇਜ਼ਰਾਈਲ | .6. ਮੈਨਚੇਸਟਰ, ਯੂਕੇ |
| 7. ਸੰਯੁਕਤ ਰਾਜ | 7. ਲੰਡਨ, ਯੂਕੇ |
| 8. ਆਇਰਲੈਂਡ | 8. ਲੀਡਜ਼, ਯੂ.ਕੇ. |
| 9. ਆਸਟਰੀਆ | 9. ਲਾਸ ਏਂਜਲਸ, ਅਮਰੀਕਾ |
| 10. ਜਰਮਨੀ | 10. ਗਲਾਸਗੋ |

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਕਿਉਂਕਿ ਮੀਟ ਅਤੇ ਡੇਅਰੀ ਦੀ ਕੀਮਤ ਵਧ ਰਹੀ ਹੈ, ਇਸ ਲਈ ਨਿਊਜੀਲੈਂਡ ਲਈ ਸ਼ਾਕਾਹਾਰੀ ਜੀਵਨ (ਵੈਜੀਨਾਮਾ) ਦੀ ਇੱਕ ਨਵੀਂ ਲਹਿਰ ਦਿਖਾਈ ਦੇ ਰਹੀ ਹੈ। ਵੈਗਨ ਫੂਡ ਐਂਡ ਲਿਵਿੰਗ ਰਿਪੋਰਟ ਦੇ ਅਨੁਸਾਰ, ਪਲਾਂਟ ਆਧਾਰਿਤ ਖੁਰਾਕ ਵੱਲ ਕਿਵੀ ਵਧ ਰਹੇ ਹਨ, ਇਸ ਲਈ ਕਣਕ ਉਤਪਾਦ ਸਪਲਾਇਰ ਵੀ ਮੰਗ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਹੇ ਹਨ। ਇਹ ਵੀ ਜਾਪਦਾ ਹੈ ਕਿ ਪਲਾਂਟ (ਪੌਦੇ) ਅਧਾਰਿਤ ਖਾਣੇ ਲਈ ਸਾਡੀ ਭੁੱਖ ਨੇ ਦੁਨੀਆਂ ਭਰ ਵਿੱਚ ਲਹਿਰਾਂ ਬਣਾ ਦਿੱਤੀਆਂ ਹਨ, ਜਿਸ ਨਾਲ ਸਾਨੂੰ ਸ਼ਾਕਾਹਾਰੀ(ਵੈਜੀਵਾਦ) ਦੇਸ਼ਾਂ ਵਿੱਚ ਸਾਨੂੰ ਵੀ ਇੱਕ ਅਲੱਗ ਪਹਿਚਾਣ ਦੇ ਦਿੱਤੀ ਹੈ।

ਆਨਲਾਈਨ ਕੁੱਕਬੁੱਕ ਸ਼ੈੱਫਜ਼ ਦੀ ਪੈਂਨਸਿਲ ਨੇ ਸਭ ਤੋਂ ਵੱਧ ਪ੍ਰਸਿੱਧ ਦੇਸ਼ਾਂ ਅਤੇ ਸ਼ਹਿਰਾਂ ਵਿੱਚ ਇੱਕ ਨਵਾਂ ਅਧਿਐਨ ਜਾਰੀ ਕੀਤਾ ਅਤੇ ਨਿਊਜ਼ੀਲੈਂਡ ਨੇ ਦੁਨੀਆ ਭਰ ਵਿੱਚ ਤੀਜੇ ਸਥਾਨ 'ਤੇ ਕਬਜ਼ਾ ਕੀਤਾ ਹੈ।

2017 ਵਿੱਚ ਚੌਥੇ ਸਥਾਨ 'ਤੇ ਆਉਣ ਤੋਂ ਬਾਅਦ, ਨਤੀਜੇ ਇਹ ਦਰਸਾਉਂਦੇ ਹਨ ਕਿ ਨਿਊਜ਼ੀਲੈਂਡ ਵਿੱਚ ਸਧਾਰਣ ਤਾਕਤ ਮਜ਼ਬੂਤ ਹੋ ਰਹੀ ਹੈ।

ਰਿਸਰਚ ਕਰਨ ਲਈ, ਸ਼ੈਫਜ਼ ਪੈਨਸਿਲ ਨੇ ਦੁਨੀਆਂ ਭਰ ਵਿੱਚ ਵੈਜੀਨਿਜ ਦੇ ਖੋਜ ਬਿੰਦੂ ਦੇ ਪੱਧਰ ਦਾ ਵਿਸ਼ਲੇਸ਼ਣ ਕਰਨ ਲਈ Google Trends ਨੂੰ ਵਰਤਿਆ।

2018 ਵਿੱਚ, ਵੈਜੀਨਜਮ ਸ਼੍ਰੇਣੀ ਵਿੱਚ ਖੋਜਾਂ, ਜਿਸ ਵਿੱਚ ਕਿਸੇ ਵੀ ਭਾਸ਼ਾ (ਜਿਵੇਂ ਕਿ "ਵੈਗਨਿਸ਼ਮ", "ਵੈਗਨ ਰੈਸਟੋਰੈਂਟ", "ਕਯੂਨ ਰੀਜਪੇਟ") ਵਿੱਚ ਕੀਤੀ ਗਈਆਂ ਸਬੰਧਤ ਖੋਜਾਂ ਸ਼ਾਮਲ ਹਨ, ਉਹ ਸਭ ਤੋਂ ਵੱਧ ਸਮੇਂ ਤੇ ਸਨ। ਵੈਗਨ-ਸਬੰਧਤ ਖੋਜਾਂ ਦੀ ਪ੍ਰਸਿੱਧੀ ਸਾਲ 2017 ਤੋਂ 11 ਫੀਸਦੀ ਵੱਧ ਹੈ ਅਤੇ 2016 ਦੇ ਮੁਕਾਬਲੇ 35 ਫੀਸਦੀ ਵੱਧ ਹੈ।

# ਵੈਲਿੰਗਟਨ ਰਹਿੰਦਾ ਭਾਰਤੀ ਮੂਲ ਦਾ ਵਿਅਕਤੀ ਕੋਇੰਬਟੂਰ 'ਚ ਗ੍ਰਿਫਤਾਰ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਭਾਰਤੀ ਮੂਲ ਦਾ 51 ਸਾਲਾ ਇੱਕ ਵਿਅਕਤੀ ਕੋਇੰਬਟੀਰ ਤੋਂ ਚੇਨਈ ਜਾਂਦੇ ਸਮੇਂ ਕੋਇੰਬਟੂਰ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਮੁੱਢਲੀ ਜਾਣਕਾਰੀ ਅਨੁਸਾਰ ਇਹ ਵਿਅਕਤੀ ਕੁੱਝ ਦਿਨ ਪਹਿਲਾਂ ਹੀ ਭਾਰਤ ਆਇਆ ਸੀ। ਇਸ ਦੀ ਗ੍ਰਿਫਤਾਰੀ ਦਾ ਕਾਰਨ ਇਸ ਵਿਅਕਤੀ ਕੋਲ ਸੈਟੇਲਾਇਟ ਫੋਨ ਦਾ ਹੋਣਾ ਦੱਸਿਆ ਜਾ ਰਿਹਾ ਹੈ। ਇਸ ਵਿਅਕਤੀ ਖਿਲਾਫ ਇੰਡਿਅਨ ਵਾਇਰਲੇਸ ਐਕਟ ਦੀ ਧਾਰਾ 6( 1 ) ਅਤੇ ਵਾਇਰਲੈੱਸ ਟੈਲੀਗਰਾਫ ਐਕਟ ਦੀ ਧਾਰਾ 20 ਦੇ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਵਿਅਕਤੀ ਦਾ ਕਹਿਣਾ ਹੈ ਕਿ ਉਸ ਨੂੰ ਨਿਯਮਾਂ ਦੀ ਜਾਣਕਾਰੀ ਨਹੀਂ ਸੀ। ਹਾਲਾਂਕਿ ਇਸ ਨੂੰ ਜਮਾਨਤ 'ਤੇ ਛੱਡ ਦਿੱਤਾ ਗਿਆ ਹੈ। ਜਿਕਰਯੋਗ ਹੈ ਕਿ ਸੈਟੇਲਾਈਟ ਫੋਨ ਨਾਲ ਉਪਗ੍ਰਿਹਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਅਤੇ ਇਹ ਫੋਨ ਰੱਖਣ ਲਈ ਸਰਕਾਰ ਤੋਂ ਇਜਾਜਤ ਲੈਣੀ ਪੈਂਦੀ ਹੈ।




# ਕਾਂਗਰਸ ਨੂੰ ਝਟਕਾ, ਜੋਗਿੰਦਰ ਸਿੰਘ ਪੰਜਗਰਾਈਂ ਅਕਾਲੀ ਦਲ ਚ ਸ਼ਾਮਲ



ਚੰਡੀਗੜ੍ਹ— ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਅੱਜ ਫਰੀਦਕੋਟ ਤੋਂ ਕਾਂਗਰਸੀ ਦੇ ਸੀਨੀਅਰ ਆਗੂ ਜੋਗਿੰਦਰ ਸਿੰਘ ਪੰਜਗਰਾਈਂ ਕਾਂਗਰਸ ਨੂੰ ਝਟਕਾ ਦਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਏ ਹਨ। ਸੁਖਬੀਰ ਬਾਦਲ ਵੱਲੋਂ ਜੋਗਿੰਦਰ ਸਿੰਘ ਨੂੰ ਸਿਰੋਪਾਓ ਦੇ ਕੇ ਅਕਾਲੀ ਦਲ 'ਚ ਸ਼ਾਮਲ ਕੀਤਾ ਗਿਆ। ਜੋਗਿੰਦਰ ਸਿੰਘ ਦੋ ਵਾਰ ਕਾਂਗਰਸ ਦੇ ਵਿਧਾਇਕ ਰਹਿ ਚੁੱਕੇ ਹਨ। ਜੋਗਿੰਦਰ ਸਿੰਘ ਮੁਹੰਮਦ ਸਦੀਕ ਨੂੰ ਹਲਕਾ ਇੰਚਾਰਜ ਬਣਾਏ ਜਾਣ ਤੋਂ ਕਾਂਗਰਸ ਨਾਲ ਨਾਰਾਜ਼ ਚੱਲ ਰਹੇ ਸਨ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਕਾਂਗਰਸ 'ਚ ਕਿਸੇ ਵੀ ਗਰੀਬ ਦੀ ਕੋਈ ਸੁਣਵਾਈ ਨਹੀਂ ਹੈ। ਦਲਿਤ ਪਰਿਵਾਰਾਂ ਨੂੰ ਪਾਰਟੀ 'ਚ ਪੁੱਛਿਆ ਤੱਕ ਨਹੀਂ ਜਾਂਦਾ। ਕਾਂਗਰਸ ਸਿਰਫ ਚਾਪਲੂਸਾਂ ਦੀ ਪਾਰਟੀ ਬਣ ਕੇ ਰਹਿ ਗਈ ਹੈ। ਪਾਰਟੀ 'ਚ ਕੁਝ ਲੋਕ ਅਜਿਹੇ ਹਨ, ਜੋ ਹਾਈਜੈੱਕ ਕਰ ਰਹੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਪਾਰਟੀ 'ਚ ਆਪਣੀ ਮਨਮਰਜ਼ੀਆਂ ਕਰਦੇ ਹਨ। ਜੋਗਿੰਦਰ ਸਿੰਘ ਸਿਆਸਤ ਨਾਲ ਲਗਭਗ 30 ਸਾਲਾਂ ਤੋਂ ਜੁੜੇ ਹਨ। ਜੋਗਿੰਦਰ ਸਿੰਘ ਪੰਜਾਬ ਲੇਬਰ ਯੂਨੀਅਨ ਦੇ ਪ੍ਰਧਾਨ ਵੀ ਹਨ। ਜੋਗਿੰਦਰ ਸਿੰਘ ਨੇ ਸਾਲ 1992 'ਚ ਕਾਂਗਰਸ ਵੱਲੋਂ ਐੱਮ. ਸੀ. ਦੀ ਟਿਕਟ 'ਤੇ ਲੜੀ ਸੀ, ਜਿਸ 'ਚ ਜਿੱਤ ਹਾਸਲ ਕੀਤੀ ਗਈ ਸੀ। 2014 'ਚ ਕਾਂਗਰਸ ਵੱਲੋਂ ਫਰੀਦਕੋਟ ਤੋਂ ਸੰਸਦ ਮੈਂਬਰ ਦੀ ਵੀ ਚੋਣ ਲੜੀ। ਸਾਲ 1995 ਤੋਂ ਲੈ ਕੇ 2007 ਤੱਕ ਟਰੱਕ ਯੂਨੀਅਨ ਦੇ ਪ੍ਰਧਾਨ ਵੀ ਰਹੇ। 2013 'ਚ ਜ਼ਿਲਾ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਜਿਨ੍ਹਾਂ ਨੂੰ ਉਨ੍ਹਾਂ ਨੇ ਪੂਰੀ ਮਿਹਨਤ ਨਾਲ ਨਿਭਾਇਆ। ਪਿਛਲੀ ਵਾਰ ਜੋਗਿੰਦਰ ਸਿੰਘ ਨੇ ਭਦੌੜ ਹਲਕੇ ਤੋਂ ਵਿਧਾਨ ਸਭਾ ਦੀ ਚੋਣ ਲੜੀ ਸੀ।

# ਕ੍ਰਾਈਸਟਰਚ 'ਚ ਮਾਰੇ ਗਏ ਤਿੰਨ ਮੁੰਡਿਆਂ ਨੂੰ ਨਿਊਜੀਲੈਂਡ ਵਾਸੀ ਦੇ ਰਹੇ ਨੇ ਭਾਵਪੂਰਨ ਸੰਦੇਸ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਐਤਵਾਰ ਨੂੰ ਕ੍ਰਾਈਸਟਰਚ ਵਿਚ ਇਕ ਕਾਰ ਹਾਦਸੇ ਵਿਚ ਮਰਨ ਵਾਲੇ ਤਿੰਨ ਮੁੰਡਿਆਂ ਨੂੰ ਸ਼ਰਧਾਂਜਲੀ ਦੇਣ ਲਈ ਲੋਕ ਫੁੱਲਾਂ ਆਦਿ ਨਾਲ ਵਿਦਾਇਗੀ ਸੰਦੇਸ਼ ਦੇ ਰਹੇ ਹਨ। ਕੁੱਝ ਲੋਕਾਂ ਨੇ ਦਰੱਖਤਾਂ 'ਤੇ ਸੰਦੇਸ਼ ਲਿਖ ਕੇ ਉਂਹਨਾਂ ਨੂੰ ਯਾਦ ਕੀਤਾ ਹੈ। ਜਿਕਰਯੋਗ ਹੈ ਕਿ ਇੱਕ ਚੋਰੀ ਦੀ ਕਾਰ ਵਿੱਚ ਭੱਜਦੇ ਹੋਏ 16,15 ਅਤੇ 13 ਸਾਲ ਦੇ ਮੁੰਡਿਆਂ ਦੀ ਐਤਵਾਰ ਨੂੰ ਦਰਦਨਾਕ ਹਾਦਸੇ ਵਿੱਚ ਮੌਤ ਹੋ ਗਈ ਸੀ।



# ਜਾਅਲੀ ਵਿਆਹ ਰਾਹੀਂ ਪੱਕੇ ਵੀਜ਼ੇ ਲਵਾਉਣ ਵਾਲਾ ਭਾਰਤੀ 27 ਵਿਦੇਸ਼ੀ ਔਰਤਾਂ ਸਮੇਤ ਕਾਬੂ

ਬੈਂਗਕੌਕ: 35 ਸਾਲਾ ਭਾਰਤੀ ਮੂਲ ਦੇ ਵਿਅਕਤੀ ਨੂੰ 27 ਥਾਈ ਔਰਤਾਂ ਨਾਲ ਕਾਬੂ ਕੀਤਾ ਹੈ, ਜੋ ਕਥਿਤ ਤੌਰ 'ਤੇ ਜਾਅਲੀ ਵਿਆਹ ਕਰਵਾ ਕੇ ਲੋਕਾਂ ਨੂੰ ਥਾਈਲੈਂਡ ਵਿੱਚ ਰਿਹਾਈਸ਼ੀ ਵੀਜ਼ਾ ਦਿਵਾਉਂਦੇ ਸਨ। ਥਾਈ ਅਧਿਕਾਰੀਆਂ ਨੇ ਇਸ ਦਾ ਖੁਲਾਸਾ ਕੀਤਾ ਹੈ। ਭਾਰਤੀ ਵਿਅਕਤੀ ਦੀ ਪਛਾਣ ਵਿਕਰਮ ਲਹਿਰੀ ਵਜੋਂ ਹੋਈ ਹੈ ਜੋ ਥਾਈ ਔਰਤਾਂ ਨਾਲ ਭਾਰਤੀ ਵਿਅਕਤੀਆਂ ਦਾ ਆਰਜ਼ੀ ਵਿਆਹ ਕਰਵਾਉਂਦਾ ਸੀ ਤੇ ਉਨ੍ਹਾਂ ਨੂੰ ਰਿਹਾਇਸ਼ੀ ਵੀਜ਼ੇ ਦਿਵਾਉਣ ਵਿੱਚ ਮਦਦ ਕਰਦਾ ਸੀ। ਨੈਸ਼ਨਲ ਡੇਅਲੀ ਦੀ ਖ਼ਬਰ ਮੁਤਾਬਕ ਵਿਕਰਮ ਹਰ ਵਿਆਹ ਦੇ 8,000 ਤੋਂ 10,000 ਬਾਹਤ (ਥਾਈਲੈਂਡ ਦੀ ਮੁਦਰਾ) ਵਸੂਲਦਾ ਸੀ। ਕਾਨੂੰਨੀ ਤੌਰ 'ਤੇ ਵਿਆਹ ਦਰਜ ਹੋਣ ਉਪਰੰਤ ਲਾੜੀਆਂ ਕਦੇ ਵੀ ਲਾੜਿਆਂ ਨਾਲ ਰਹਿੰਦੀਆਂ ਨਹੀਂ ਸਨ। ਪ੍ਰਵਾਸ ਬਿਊਰੋ ਦੇ ਮੁਖੀ ਲੈਫ਼ਟੀਨੈਂਟ ਜਨਰਲ ਸੁਰਚੇਤ ਹਕਪਾਲ ਨੇ ਦੱਸਿਆ ਕਿ 27 ਔਰਤਾਂ ਸਮੇਤ 28 ਜਣਿਆਂ ਦੀ ਗ੍ਰਿਫ਼ਤਾਰੀ ਡੂੰਘੀ ਜਾਂਚ ਮਗਰੋਂ ਕੀਤੀ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਵਿਆਹ ਕਰਵਾ ਕੇ ਭਾਰਤੀਆਂ ਨੂੰ ਵੀਜ਼ੇ ਦਿਵਾਉਣ ਵਾਲੀਆਂ ਔਰਤਾਂ ਵਿੱਚੋਂ ਇੱਕ 70 ਸਾਲਾ ਬੇਬੇ ਵੀ ਹੈ ਤੇ ਕਈਆਂ ਦੇ ਪਰਿਵਾਰ ਤੇ ਬੱਚੇ ਵੀ ਹਨ।

# ਚੀਨੀ ਹੈਕਰਾਂ ਨੇ ਭਾਰਤ 'ਚੋਂ ਉਡਾਏ 130 ਕਰੋੜ ਰੁਪਏ



ਮੁੰਬਈ: ਮੁੰਬਈ ਦੀ ਇਤਾਵਲੀ ਕੰਪਨੀ ਨਾਲ ਸ਼ੱਕੀ ਹੈਕਰਸ ਨੇ ਆਨਲਾਈਨ 130 ਕਰੋੜ ਰੁਪਏ ਦੀ ਠੱਗੀ ਕੀਤੀ ਹੈ। ਹੈਕਰਸ ਨੇ ਕੰਪਨੀ ਦੇ ਸਥਾਨਕ ਅਧਿਕਾਰੀਆ ਨੂੰ ਯਕੀਨ ਦੁਆਇਆ ਕੀ ਅਧਿਗ੍ਰਹਿਣ ਲਈ ਪੈਸਿਆਂ ਦੀ ਲੋੜ ਹੈ। ਹੁਣ ਤਕ ਇਹ ਆਨ ਲਾਈਨ ਸਭ ਤੋਂ ਵੱਡੀ ਠੱਗੀ ਹੈ। ਪੁਲਿਸ ਦੇ ਇੱਕ ਅਧਿਕਾਰੀ ਨੇ ਸੋਮਵਾਰ ਨੂੰ ਦੱਸਿਆ ਕਿ ਹੈਕਰਸ ਦੇ ਗਰੁੱਪ ਦੇ ਸੀਈਓ ਦੇ ਈਮੇਲ ਨਾਲ ਮਿਲਦੇ-ਜੁਲਦੇ ਈਮੇਲ ਅਕਾਉਂਟ ਨਾਲ ਕੰਪਨੀ ਦੀ ਭਾਰਤੀ ਸਹਾਇਕ ਕੰਪਨੀ ਨੂੰ ਈਮੇਲ ਭੇਜਿਆ। ਉਨ੍ਹਾਂ ਨੇ ਦੱਸਿਆ ਕਿ ਹੈਕਰਸ ਨੇ ਅਧਿਗ੍ਰਹਿਣ ਬਾਰੇ ਚਰਚਾ ਕਰਨ ਲਈ ਕਈ ਕਾਨਫਰੰਸ ਕਾਲ ਦਾ ਵੀ ਇੰਤਜ਼ਾਮ ਕੀਤੀ। ਇਸ ਤੋਂ ਬਾਅਦ ਭਾਰਤੀ ਸਹਾਇਕ ਕੰਪਨੀ ਦੇ ਪ੍ਰਮੁੱਖਾਂ ਨੇ ਸਮੇਂ-ਸਮੇਂ 'ਤੇ ਦਿੱਤੇ ਗਏ ਬੈਂਕ ਖਾਤਿਆਂ 'ਚ ਪੈਸੇ ਟ੍ਰਾਂਸਫਰ ਕੀਤੇ। ਕੰਪਨੀ ਦੇ ਅਧਿਕਾਰੀਆਂ ਦੀ ਸ਼ਿਕਾਇਤ 'ਤੇ, ਪੁਲਿਸ ਨੇ 12 ਜਨਵਰੀ ਨੂੰ ਸਾਈਬਰ ਸੈੱਲ 'ਚ ਅਣਪਛਾਤੇ ਹੈਕਰਾਂ ਖਿਲਾਫ ਮਾਮਲਾ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਹੈ।

